WCB FACTS 2024

## ਵਲੰਟੀਅਰ ਆਪਾਤਕਾਲ ਕਾਮੇ

**ਜੇਕਰ ਮੈਂ ਇੱਕ ਵਲੰਟੀਅਰ ਆਪਾਤਕਾਲ ਕਾਮਾ ਹਾਂ, ਜੇਕਰ ਮੈਨੂੰ ਡਿਊਟੀ ਦੇ ਦੌਰਾਨ ਸੱਟ ਲੱਗ ਜਾਂਦੀ ਹੈ ਤਾਂ ਕੀ ਮੈਂ ਕਾਮਿਆਂ ਦੇ ਮੁਆਵਜ਼ੇ ਫਾਇਦਿਆਂ ਦੇ ਯੋਗ ਹਾਂ?**

ਹਾਂ। ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB) ਵਲੰਟੀਅਰ ਆਪਾਤਕਾਲ ਕਾਮਿਆਂ ਲਈ ਕਵਰੇਜ ਮੁਹੱਈਆ ਕਰਦਾ ਹੈ। ਜੇਕਰ ਤੁਸੀਂ ਇੱਕ ਵਲੰਟੀਅਰ ਫਾਇਰ ਫਾਈਟਰ ਜਾਂ ਐਂਬੂਲੈਂਸ ਅਟੈਂਡੈਂਟ ਹੋ, ਜਾਂ ਫਿਰ *ਆਪਾਤਕਾਲ ਮਾਪ ਐਕਟ* (*The Emergency Measures Act)* ਦੇ ਤਹਿਤ ਤੁਹਾਨੂੰ ਆਪਾਤਕਾਲ ਦੇ ਸਮੇਂ ਵਿੱਚ ਹੋਰ ਕੋਈ ਮਦਦ ਕਰਨੀ ਹੋਵੇਗੀ, ਤਾਂ ਤੁਹਾਨੂੰ ਇੱਕ ਕਰਮੀ ਸਮਝਿਆ ਜਾਂਦਾ ਹੈ ਅਤੇ ਉਹ ਪ੍ਰੋਵਿੰਸ਼ਲ ਸਰਕਾਰ ਜਾਂ ਸਥਾਨਕ ਅਥਾਰਟੀ ਜਿਸ ਲਈ ਤੁਸੀਂ ਵਲੰਟੀਅਰ ਹੋ, ਉਸ ਨੂੰ ਤੁਹਾਡਾ ਰੁਜ਼ਗਾਰਦਾਤਾ ਮੰਨਿਆ ਜਾਂਦਾ ਹੈ।

ਤੁਸੀਂ ਬੀਮਾ-ਸੁਰੱਖਿਆ ਵਿੱਚ ਹੋ ਜੇਕਰ ਤੁਹਾਨੂੰ ਸੱਟ ਲੱਗਦੀ ਹੈ:

- ਡਿਊਟੀ 'ਤੇ ਹੋਣ ਦੌਰਾਨ;
- ਆਪਾਤਕਾਲ ਡਿਊਟੀ ਤੇ ਆਉਣ ਜਾਂ ਜਾਣ ਦੇ ਰਾਹ 'ਤੇ; ਜਾਂ
- ਦਫ਼ਤਰੀ ਮੀਟਿੰਗਾਂ ਜਾਂ ਟ੍ਰੇਨਿੰਗ ਅਭਿਆਸਾਂ ਵਿੱਚ ਹਿੱਸਾ ਲੈਂਦੇ ਹੋਏ

ਉਹ ਵਿਅਕਤੀ ਜਿਹੜੇ *ਫਾਇਰਸ ਪ੍ਰੀਵੈਨਸ਼ਨ ਐਂਡ ਐਮਰਜੈਂਸੀ ਰਿਸਪਾਂਸ ਐਕਟ (The Fires Prevention and Emergency Response Act)* ਅਧੀਨ ਅੱਗ ਨਾਲ ਮੁਕਾਬਲਾ ਕਰਦੇ ਹਨ ਉਹ ਵੀ WCB ਬੀਮਾ-ਸੁਰੱਖਿਆ ਵਾਲੇ ਕਾਮੇ ਸਮਝੇ ਜਾਂਦੇ ਹਨ। ਇਸ ਮਾਮਲੇ ਵਿੱਚ, ਸੂਬਾਈ ਸਰਕਾਰ ਨਿਯੋਜਕ ਹੁੰਦੀ ਹੈ।

**ਮੈਂ ਕਿਹੜੇ ਫਾਇਦਿਆਂ ਦੇ ਯੋਗ ਹਾਂ?**

ਤੁਸੀਂ WCB ਫਾਇਦੀਆਂ ਅਤੇ ਸੇਵਾਵਾਂ ਦੇ ਯੋਗ ਹੋ ਜੇਕਰ ਤੁਹਾਡੀ ਸੱਟ ਜਾਂ ਬਿਮਾਰੀ ਕੰਮ ਨਾਲ ਸਬੰਧਤ ਹੋਵੇ।

ਇਹਨਾਂ ਵਿੱਚ ਸ਼ਾਮਲ ਹਨ:

- ਭੁਗਤਾਨਯੋਗ ਮੈਡੀਕਲ ਖਰਚਿਆਂ ਦਾ ਭੁਗਤਾਨ
- ਪ੍ਰਵਾਨਿਤ ਮੈਡੀਕਲ ਇਲਾਜ ਲਈ ਸਫ਼ਰ ਆਦਿ ਦੇ ਖਰਚ
- ਮਜ਼ਦੂਰੀ ਦੇ ਨੁਕਸਾਨ ਦੇ ਫਾਇਦੇ
- ਸਥਾਈ ਅੰਸ਼ਕ ਅਯੋਗਤਾ ਅਵਾਰਡ
- ਵੋਕੇਸ਼ਨਲ ਰੀਹੈਬਿਲਿਟੇਸ਼ਨ
- ਆਕਸਮਿਕ ਮੌਤ ਦੇ ਮਾਮਲੇ ਵਿੱਚ ਆਸ਼ਰਤਾਂ ਲਈ ਫਾਇਦੇ

**ਮੇਰੇ ਕਲੇਮ ਦਾ ਫਾਰਮ ਕਿਸਨੂੰ ਭਰਨਾ ਚਾਹੀਦਾ ਹੈ?**

ਉਹ ਪ੍ਰੋਵਿੰਸ਼ਲ ਸਰਕਾਰ ਜਾਂ ਸਥਾਨਕ ਅਥਾਰਟੀ ਜਿਸ ਲਈ ਤੁਸੀਂ ਵਲੰਟੀਅਰ ਤੌਰ 'ਤੇ ਕਰ ਰਹੇ ਹੋ, ਉਸ ਨੂੰ ਤੁਹਾਡਾ ਰੁਜ਼ਗਾਰਦਾਤਾ ਮੰਨਿਆ ਜਾਂਦਾ ਹੈ ਅਤੇ ਉਸ ਨੂੰ ਰੁਜ਼ਗਾਰਦਾਤਾ ਘਟਨਾ ਰਿਪੋਰਟ ਪੂਰੀ ਕਰਨ ਦੀ ਜ਼ਰੂਰਤ ਹੋਵੇਗੀ। ਤੁਹਾਨੂੰ ਇੱਕ ਵੱਖਰੀ ਵਰਕਰ ਘਟਨਾ ਰਿਪੋਰਟ ਪੂਰੀ ਕਰਨੀ ਚਾਹੀਦੀ ਹੈ, ਜਿਸ ਨੂੰ ਆਨਲਾਈਨ, ਡਾਕ ਰਾਹੀਂ, ਜਾਂ ਕਲੇਮਸ ਸਰਵਿਸ ਕੇਂਦਰ ਵਿਖੇ 204-954-4321 'ਤੇ ਜਾਂ 1-855-954-4321 ਤੇ' ਟੌਲ-ਫ੍ਰੀ ਕਾਲ ਕਰਕੇ ਜਮ੍ਹਾਂ ਕੀਤਾ ਜਾ ਸਕਦਾ ਹੈ।

**ਕੀ WCB ਕੋਲ ਮੈਨੂੰ ਆਪਣੀ ਨਿਯਮਤ ਰੁਜ਼ਗਾਰ ਆਮਦਨ ਰਿਪੋਰਟ ਕਰਨ ਦੀ ਲੋੜ ਹੈ?**

ਜੇ ਤੁਸੀਂ ਆਪਣੇ ਨਿਯਮਤ ਰੁਜ਼ਗਾਰ ਤੋਂ ਟਾਈਮ ਖੁੰਝਾ ਰਹੇ ਹੋ ਤਾਂ ਤੁਹਾਨੂੰ ਆਪਣੀ ਵਰਕਰ ਘਟਨਾ ਰਿਪੋਰਟ 'ਤੇ ਆਪਣੀਆਂ ਜੋ ਵੀ ਆਮਦਨਾਂ ਹੋਣ ਮੁਹੱਈਆ ਕਰਨੀਆਂ ਚਾਹੀਦੀਆਂ ਹਨ। ਤੁਹਾਨੂੰ ਆਪਣੇ ਨਿਯਮਿਤ ਰੁਜ਼ਗਾਰਦਾਤਾ ਦਾ ਨਾਮ ਅਤੇ ਕੋਈ ਵੀ ਪਾਰਟ-ਟਾਈਮ ਜਾਂ ਸਵੈ-ਰੁਜ਼ਗਾਰ ਆਮਦਨੀ ਮੁਹੱਈਆ ਕਰਨੀ ਚਾਹੀਦੀ ਹੈ ਜੋ ਤੁਸੀਂ ਕਮਾਉਂਦੇ ਹੋ।

ਜੇਕਰ ਤੁਹਾਡੀ ਸੱਟ ਦੇ ਕਾਰਨ ਤੁਹਾਡੀ ਨਿਯਮਤ ਨੌਕਰੀ ਤੇ ਤੁਹਾਡੇ ਸਮੇਂ ਦਾ ਨੁਕਸਾਨ ਹੋ ਰਿਹਾ ਹੋਵੇ, ਤਾਂ ਤੁਹਾਡੀ ਆਗਿਆ ਨਾਲ, WCB ਨੂੰ ਆਮਦਨ ਦੀ ਜਾਣਕਾਰੀ ਮੁਹੱਈਆ ਕਰਨ ਲਈ ਤੁਹਾਡੇ ਨਿਯਮਤ ਨਿਯੋਜਕ ਨਾਲ ਸੰਪਰਕ ਕੀਤਾ ਜਾਵੇਗਾ।

**ਮੇਰੇ ਮਜ਼ਦੂਰੀ ਹਾਨੀ ਫਾਇਦਿਆਂ ਦੀ ਗਿਣਤੀ ਕਿਵੇਂ ਕੀਤੀ ਜਾਵੇਗੀ ਜੇਕਰ ਮੈਨੂੰ ਮੇਰੀਆਂ ਡਿਊਟੀਆਂ ਤੋਂ ਪੈਸਾ ਨਹੀਂ ਮਿਲਦਾ?**

ਹਾਲਾਂਕਿ ਤੁਹਾਨੂੰ ਅਜਿਹਾ ਭੁਗਤਾਨ ਨਹੀਂ ਕੀਤਾ ਜਾਵੇਗਾ ਜਿਸ ਵਿੱਚ ਤੁਸੀਂ ਆਪਾਤਕਾਲ ਕਾਮੇ ਹੋਵੋ, ਤੁਹਾਨੂੰ ਹਾਲੇ ਵੀ ਕਵਰ ਕੀਤਾ ਜਾਂਦਾ ਹੈ। ਜੇਕਰ ਤੁਹਾਨੂੰ ਡਿਊਟੀ ਦੇ ਦੌਰਾਨ ਸੱਟ ਲੱਗਦੀ ਹੈ ਅਤੇ ਨਿਯਮਤ ਨੌਕਰੀ ਤੋਂ ਸਮੇਂ ਦੀ ਹਾਨੀ ਹੁੰਦੀ ਹੈ, ਤੁਹਾਨੂੰ ਮਜ਼ਦੂਰੀ ਹਾਨੀ ਫਾਇਦੇ ਮਿਲਣਗੇ ਜੋ ਇਸ ਆਧਾਰ ਤੇ ਵਧ ਹੋਣਗੇ:

- ਤੁਹਾਡੀਆਂ ਸੱਟ ਤੋਂ ਪਹਿਲਾਂ ਅਸਲ ਆਮਦਨਾਂ; ਜਾਂ
- ਮੈਨੀਟੋਬਾ ਦੀ ਉਦਯੋਗਿਕ ਔਸਤ ਮਜ਼ਦੂਰੀ (IAW) ਦਾ ਅੱਧ

ਭਾਵੇਂ ਤੁਹਾਡੇ ਸੱਟ ਲੱਗਣ ਸਮੇਂ ਤੁਹਾਡੀ ਨਿਯਮਤ ਰੁਜ਼ਗਾਰ ਆਮਦਨ ਨਾ ਹੋਵੇ, ਜੇਕਰ ਮਜ਼ਦੂਰੀ ਹਾਨੀ ਫਾਇਦੇ ਅਧਿਆਕਾਰਤ ਹੋਣ, ਤੁਹਾਨੂੰ ਸੱਟ ਵਾਲੇ ਸਾਲ ਲਈ ਪ੍ਰਭਾਵ ਅਧੀਨ IAW ਦੇ ਅੱਧ ਦੇ ਆਧਾਰ 'ਤੇ ਫਾਇਦੇ ਮਿਲਣਗੇ

ਜੇਕਰ ਤੁਹਾਨੂੰ ਲੰਮੇ ਸਮੇਂ ਲਈ ਆਮਦਨਾਂ ਵਿੱਚ ਹਾਨੀ ਹੁੰਦੀ ਹੈ ਜਾਂ ਤੁਹਾਨੂੰ ਘਾਤਕ ਸੱਟਾਂ ਲੱਗੀਆਂ ਹੋਣ ਜਦੋਂ ਤੁਸੀਂ ਇੱਕ ਵਲੰਟੀਅਰ ਆਪਾਤਕਾਲ ਕਾਮੇ ਦੇ ਤੌਰ ਤੇ ਡਿਊਟੀ ਨਿਭਾ ਰਹੇ ਹੋਵੋ, ਤੁਹਾਨੂੰ ਜਾਂ ਤੁਹਾਡੇ ਜੀਵਨ ਸਾਥੀ ਨੂੰ ਜਿਹੜੇ ਭੱਤਾ ਹਾਨੀ ਫਾਇਦੇ ਮਿਲਣਗੇ ਉਹ ਜਾਂ ਤਾਂ ਤੁਹਾਡੀ ਕੁੱਲ ਆਮਦਨ ਦੇ 90% ਜਾਂ IAW ਦਾ 90% ਦੋਵਾਂ ਵਿੱਚੋਂ ਜਿਹੜਾ ਵੀ ਜ਼ਿਆਦਾ ਹੋਵੇ ਉਸ ਆਧਾਰ ਤੇ ਹੋਣਗੇ।

WCB ਸਿਰਫ਼ ਭੱਤਾ ਹਾਨੀ ਫਾਇਦੇ ਪ੍ਰਦਾਨ ਕਰਦਾ ਹੈ ਜਦੋਂ ਕਿਸੇ ਸੱਟ ਦੇ ਕਾਰਨ ਆਮਦਨਾਂ ਵਿੱਚ ਹਾਨੀ ਵਾਪਰਦੀ ਹੈ। ਜਦੋਂ ਕੋਈ ਹਾਨੀ ਨਹੀਂ ਹੁੰਦੀ, WCB ਮਜ਼ਦੂਰੀ ਹਾਨੀ ਫਾਇਦਿਆਂ ਦਾ ਭੁਗਤਾਨ ਨਹੀਂ ਕਰਦਾ।

**ਕੀ ਮੈਨੂੰ ਆਪਣੇ ਨਿਯਮਤ ਨਿਯੋਜਕ ਤੋਂ ਬਿਮਾਰੀ ਫਾਇਦੇ ਲੈ ਲੈਣੇ ਚਾਹੀਦੇ ਹਨ?**

ਤੁਹਾਨੂੰ ਇੱਕ ਮੁਆਵਜ਼ੇਯੋਗ ਸੱਟ ਲਈ ਆਪਣੀ ਬਿਮਾਰੀ ਛੁੱਟੀ ਦੀ ਵਰਤੋਂ ਨਹੀਂ ਕਰਨੀ ਹੁੰਦੀ, ਕਿਉਂਕਿ WCB ਤੁਹਾਨੂੰ ਉਸ ਸਮੇਂ ਲਈ ਭੁਗਤਾਨ ਕਰੇਗੀ ਜਦੋਂ ਤੁਹਾਨੂੰ ਆਪਣੇ ਨਿਯਮਤ ਨਿਯੋਜਕ ਤੋਂ ਹਾਨੀ ਹੁੰਦੀ ਹੈ।

**ਕੀ ਮੈਂ ਆਪਣੇ ਨਿਯਮਤ ਨਿਯੋਜਕ ਤੋਂ ਬਿਮਾਰੀ ਛੁੱਟੀ ਲੈਣ ਅਤੇ ਕਾਮਿਆਂ ਦੇ ਮੁਆਵਜ਼ੇ ਦੇ ਫਾਇਦੇ ਲੈ ਸਕਦਾ ਹਾਂ ਜੇਕਰ ਮੈਨੂੰ ਸੱਟ ਲੱਗ ਜਾਵੇ ਜਦੋਂ ਮੈਂ ਵਲੰਟੀਅਰ ਆਪਾਤਕਾਲ ਕਾਮੇ ਦੇ ਤੌਰ ਤੇ ਡਿਊਟੀ ਤੇ ਹੋਵਾਂ?**

ਹਾਂ, ਮੁਆਵਜ਼ੇਯੋਗ ਸੱਟ ਲਈ WCB ਪਹਿਲਾ ਭੁਗਤਾਨ ਕਰਨ ਵਾਲਾ ਹੈ ਇਸ ਲਈ ਅਸੀਂ ਤੁਹਾਡੇ ਨਿਯੋਜਕ ਤੋਂ ਹੋਣ ਵਾਲੇ ਤੁਹਾਡੀ ਮਜ਼ਦੂਰੀ ਹਾਨੀ ਸ਼ਾਮਲ ਕਰਾਂਗੇ ਭਾਵੇਂ ਤੁਸੀਂ ਬਿਮਾਰੀ ਦੀ ਛੁੱਟੀ ਦਾ ਫਾਇਦੇ ਪ੍ਰਾਪਤ ਕਰ ਰਹੇ ਹੋਵੋ। ਹਾਲਾਂਕਿ, ਤੁਹਾਡੇ ਮਜ਼ਦੂਰੀ ਦੇ ਨੁਕਸਾਨ ਲਾਭਾਂ ਅਤੇ ਬਿਮਾਰੀ ਛੁੱਟੀ ਦੇ ਲਾਭਾਂ ਦਾ ਸੁਮੇਲ ਤੁਹਾਡੀ ਕਮਾਈ ਦੀ ਸਮਰੱਥਾ ਦੇ ਅਸਲ ਨੁਕਸਾਨ ਦੇ 100% ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ।

**ਫਾਇਦੇ ਦੇ ਹਿਸਾਬ-ਕਿਤਾਬ ਦਾ ਨਮੂਨਾ ਵਲੰਟੀਅਰ ਆਪਾਤਕਾਲ ਕਾਮਿਆਂ ਲਈ**

ਜਿਆਦਾਤਰ ਸਥਿਤੀਆਂ ਵਿੱਚ, ਤੁਹਾਡਾ WCB ਫਾਇਦਾ ਦਰ 90% ਦੀ ਕੁੱਲ ਕਮਾਈ ਦੇ ਅਧਾਰਤ ਹੁੰਦਾ ਹੈ। ਪਰ, ਜੇਕਰ ਤੁਹਾਡੀ ਕੁੱਲ ਆਮਦਨ ਦਾ ਨੁਕਸਾਨ ਨੈੱਟ ਘੱਟੋ-ਘੱਟ ਔਸਤਨ ਆਮਦਨ ਤੋਂ ਘੱਟ ਜਾਂ ਉਸ ਦੇ ਬਰਾਬਰ ਹੈ, ਤਾਂ ਤੁਹਾਡੇ ਫਾਇਦੇ ਦਾ ਦਰ ਤੁਹਾਡੀ ਨੈੱਟ ਕਮਾਈ ਦਾ 100% ਹੋਵੇਗਾ।
ਜੇਕਰ ਤੁਹਾਡੀ ਕੁੱਲ ਕਮਾਈ ਦਾ 90% ਕੁੱਲ ਘੱਟੋ-ਘੱਟ ਸਾਲਾਨਾ ਕਮਾਈ ਦੇ 100% ਦੇ ਆਧਾਰ 'ਤੇ ਤੁਹਾਨੂੰ ਪ੍ਰਾਪਤ ਹੋਣ ਵਾਲੇ ਨੁਕਸਾਨ ਤੋਂ ਘੱਟ ਹੈ, ਤਾਂ ਤੁਹਾਡੀ ਲਾਭ ਦਰ ਤੁਹਾਡੀ ਕੁੱਲ ਕਮਾਈ ਦੇ 100% 'ਤੇ ਆਧਾਰਿਤ ਹੋਵੇਗੀ।

1 ਅਕਤੂਬਰ 2023 ਨੂੰ ਪ੍ਰਭਾਵੀ ਘੱਟੋ-ਘੱਟ ਸਾਲਾਨਾ ਕਮਾਈਆਂ $31,824 ਸਨ ਅਤੇ 1 ਜਨਵਰੀ, 2024 ਨੂੰ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।

- 2024 ਲਈ ਉਦਯੋਗਿਕ ਔਸਤ ਮਜ਼ਦੂਰੀ (IAW) ਦਾ ½: $28,118.74
- 2024 ਲਈ ਪੂਰੀ ਉਦਯੋਗਿਕ ਔਸਤ ਮਜ਼ਦੂਰੀ (IAW): $56,237.48

| ਇਕੱਲਾ ਜਿਸਦਾ ਕੋਈ ਆਸ਼ਰਤ ਨਹੀਂ | | | | | |
|---|---|---|---|---|---|
| | ਕੁੱਲ ਸਾਲਾਨਾ ਮਜ਼ਦੂਰੀ | ਕੁੱਲ ਹਫਤੇਵਾਰ ਮਜ਼ਦੂਰੀ | 100% ਨੈੱਟ ਐਕਚੁਅਲ (ਹਫਤਾਵਾਰੀ) | 90% ਨੈੱਟ ਸ਼ੈਲਟਰਡ (ਹਫਤਾਵਾਰੀ)* | 100% ਨੈੱਟ ਸ਼ੈਲਟਰਡ (ਹਫਤਾਵਾਰੀ)* |
| ½ ਉਦਯੋਗਿਕ ਔਸਤ ਮਜ਼ਦੂਰੀ (IAW) | $28,119.00 | $540.75 | $439.61 | ਲਾਗੂ ਨਹੀਂ | $422.07 |
| ਪੂਰੀ ਉਦਯੋਗਿਕ ਔਸਤ ਮਜ਼ਦੂਰੀ (IAW) | $56,237.48 | $1,081.49 | $800.10 | $699.45 | ਲਾਗੂ ਨਹੀਂ |
| ਅਸਲ ਕਮਾਈਆਂ ਦੀ ਉਦਾਹਰਨ | $25,000.00 | $480.77 | $398.48 | ਲਾਗੂ ਨਹੀਂ | $380.50 |
| | $62,000.00 | $1,192.31 | $867.96 | $756.49 | ਲਾਗੂ ਨਹੀਂ |

| ਵਿਆਹਿਆ ਹੋਇਆ, ਪਤੀ ਜਾਂ ਪਤਨੀ ਜਾਂ ਕਾਮਨ-ਲਾਅ ਪਾਰਟਨਰ ਦੀ ਰਕਮ ਦਾ ਦਾਅਵਾ ਕਰਦਾ ਹੈ, ਦੋ ਨਿਰਭਰ | | | | | |
|---|---|---|---|---|---|
| | ਕੁੱਲ ਸਾਲਾਨਾ ਮਜ਼ਦੂਰੀ | ਕੁੱਲ ਹਫਤੇਵਾਰ ਮਜ਼ਦੂਰੀ | 100% ਨੈੱਟ ਐਕਚੁਅਲ (ਹਫਤਾਵਾਰੀ) | 90% ਨੈੱਟ ਸ਼ੈਲਟਰਡ (ਹਫਤਾਵਾਰੀ)* | 100% ਨੈੱਟ ਸ਼ੈਲਟਰਡ (ਹਫਤਾਵਾਰੀ)* |
| ½ ਉਦਯੋਗਿਕ ਔਸਤ ਮਜ਼ਦੂਰੀ (IAW) | $28,119.00 | $540.75 | $503.77 | ਲਾਗੂ ਨਹੀਂ | $502.77 |
| ਪੂਰੀ ਉਦਯੋਗਿਕ ਔਸਤ ਮਜ਼ਦੂਰੀ (IAW) | $56,237.48 | $1,081.49 | $871.84 | $745.52 | ਲਾਗੂ ਨਹੀਂ |
| ਅਸਲ ਕਮਾਈਆਂ ਦੀ ਉਦਾਹਰਨ | $25,000.00 | $480.77 | $448.33 | ਲਾਗੂ ਨਹੀਂ | $447.33 |
| | $62,000.00 | $1,192.31 | $938.62 | $801.59 | ਲਾਗੂ ਨਹੀਂ |

*90% ਸ਼ੁੱਧ ਸੁਰੱਖਿਅਤ ਅਤੇ 100% ਸ਼ੁੱਧ ਸੁਰੱਖਿਅਤ ਸੰਖਿਆਵਾਂ ਉਹਨਾਂ ਪੂਰੇ ਹਫਤੇਵਾਰ ਮਜ਼ਦੂਰੀ ਦੇ ਹਾਨੀ ਲਾਭਾਂ ਨੂੰ ਦਰਸਾਉਂਦੀਆਂ ਹਨ ਜੋ ਇੱਕ ਸੱਟ ਲੱਗਿਆ ਵਿਅਕਤੀ WCB ਤੋਂ ਪ੍ਰਾਪਤ ਕਰਦਾ ਹੈ ਜੇਕਰ ਉਸ ਕੋਲ ਸੱਟ ਤੋਂ ਬਾਅਦ ਕੋਈ ਹੋਰ ਆਮਦਨ ਨਾ ਹੋਵੇ, ਜੋ ਕਿ ਦਿਖਾਈ ਗਈ ਸਾਲਾਨਾ ਆਮਦਨ ਪੱਧਰਾਂ 'ਤੇ ਅਧਾਰਿਤ ਹੁੰਦੇ ਹਨ।

1 ਜਨਵਰੀ, 2022 ਤੱਕ, *ਵਰਕਰਜ਼ ਕੰਪਨਸੇਸ਼ਨ ਐਕਟ (The Workers Compensation Act)* ਨੇ ਵੱਧ ਤੋਂ ਵੱਧ ਬੀਮਾਯੋਗ ਕਮਾਈ 'ਤੇ ਇੱਕ ਸੀਮਾ ਲਗਾਈ ਹੈ। 1 ਜਨਵਰੀ, 2024 ਨੂੰ ਜਾਂ ਇਸ ਤੋਂ ਬਾਅਦ ਦੀਆਂ ਸੱਟਾਂ ਲਈ, ਸੀਮਾ $160,510 ਹੈ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ WCB* ਦੀਆਂ ਨੀਤੀਆਂ *ਦੇਖੋ।* ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।